# ਦੂਜਾ ਭਾਉ

## ਭਾਗ-6

ਅਕਾਲ ਪੁਰਖ ਨੇ ਆਪਣੀ ਮੌਜ ਵਿਚ ਇਸ ਕਾਇਨਾਤ ਦੀ ਰਚਨਾ ਕੀਤੀ ਤੇ ਇਸ ਚਲਾਉਣ ਲਈ ਆਪਣਾ **ਹੁਕਮ** ਜਾਰੀ ਕਰ ਦਿੱਤਾ।

ਇਸ ਕਾਇਨਾਤ ਵਿਚ ਸਮੁੱਚੇ ਤੌਰ ਤੇ ਦੋ ੍ਰੇਣੀਆਂ ਦੇ ਜੀਵ ਰਚੇ ਗਏ ਹਨ

1. ਚੌਰਾਸੀ ਲੱਖ ਜੂਨਾਂ ਜੋ **ਨਿਰੋਲ** ਅਕਾਲ ਪੁਰਖ ਦੇ ਹੁਕਮ ਵਿਚ ਕਰਮ ਕਰਦੀਆਂ ਤੇ ਭਾਣੇ ਅੰਦਰ ਜੀਵਨ ਬਤੀਤ ਕਰਦੀਆਂ ਹਨ।

2. ਇਨਸਾਨੀ ਜੂਨ ਇਨਸਾਨ ਅਕਾਲ-ਪੁਰਖ ਨੇ ਸੀਮਤ ਬੁੱਧੀ ਤੇ ਅ ਾਦੀ ਬਖ ੀ ਹੈ, ਜਿਸ ਦੁਆਰਾ ਉਹ

ਸੋਚਦੇ ਹਨ
ਵਿਉਂਤ ਕਰਦੇ ਹਨ
ਕਿਰਤ ਵਿਰਤ ਕਰਦੇ ਹਨ
ਜੀਂਦੇ ਹਨ
ਥੀਂਦੇ ਹਨ ਅਤੇ
ਮਰ ਜਾਂਦੇ ਹਨ।

ਇਸ ਤਰ੍ਹਾਂ ਇਨਸਾਨੀ ਜੂਨ ਆਪਣੀ ਸਮਝ ਤੇ ਸਿਆਣਪ ਅਨੁਸਾਰ **ਆਪਣੇ** ਲਈ ਤੇ **ਆਪਣਿਆਂ ਲਈ ਮਾਇਆ ਦੇ ਪ੍ਰਾਇਣ** ਹੋ ਕੇ ਅਥਵਾ **ਦੂਜੇ ਭਾਉ** ਵਿਚ ਕਰਮ ਕਰਦੀ ਹੈ, ਜਿਸ ਦਾ ਚੰਗਾ ਜਾਂ ਮਾੜਾ ਨਤੀਜਾ ਉਸ ਅਵੱ ਭੋਗਣਾ ਪੈਂਦਾ ਹੈ। ਜੋ ਮੈ ਕੀਆ ਸੋ ਮੈ ਪਾਇਆ ਦਾ ਇਹ ਅੱਟਲ ਅਸੂਲ ਕੇਵਲ ਤ੍ਰੈਗੁਣੀ ਮਾਇਕੀ ਮੰਡਲ ਵਿਚ ਹੀ ਲਾਗੂ ਹੁੰਦਾ ਹੈ, ਇਸ ਤੋਂ ਉਪਰ ਆਤਮਿਕ ਮੰਡਲ ਤੱਕ ਇਸਦੀ ਪਹੁੰਚ ਨਹੀਂ।

ਮਾਇਆ ਦੇ ਭਰਮ-ਭੁਲਾਵੇ ਅਥਵਾ ਦੂਜੇ-ਭਾਉ ਵਿਚ ਖਚਤ ਹੋਣ ਤੋਂ ਬਚਾਉਣ ਲਈ ਤੇ ਅਕਾਲ-ਪੁਰਖ ਦੀ ਨਿੱਘੀ ਤੇ ਪਿਆਰੀ ਇਲਾਹੀ ਗੋਦ ਵੱਲ ਮੁੜ ਪ੍ਰੇਰਨ ਲਈ ਅਨੇਕਾਂ ਗੁਰੂ, ਅਵਤਾਰ, ਪੀਰ ਪੈਗੰਬਰ ਦੁਨੀਆਂ ਤੇ ਆਏ ਤੇ ਜੋ ਉਨ੍ਹਾਂ ਧੁਰੋਂ ਹੁਕਮ

ਮਿਲਿਆ, ਉਹਦਾ ਉਪਦੇ  ਦੇ ਕੇ ਚਲੇ ਗਏ। ਪਰ ਗੁਰੂ ਨਾਨਕ ਸਾਹਿਬ ਆਏ, ਆ ਕੇ ਸਾ  ਉਪਦੇ  ਦੇ ਕੇ ਚਲੇ ਨਹੀਂ ਗਏ, ਸਗੋਂ ਆਪਣਾ ਸਰੂਪ, ਆਪਣਾ ਹਿਰਦਾ, ਆਪਣੀ ਆਤਮਾ **ਗੁਰੂ ਗ੍ਰੰਥ ਸਾਹਿਬ** ਦੇ ਰੂਪ ਵਿਚ ਇਸ  ਧੁਰ ਕੀ ਬਾਣੀ  ਵਿਚ ਭਰ ਗਏ, ਜੋ ਰਹਿੰਦੀ ਦੁਨੀਆਂ ਤੱਕ ਸਾਡੀ ਰਹਿਨੁਮਾਈ ਕਰਦੀ ਰਹੇਗੀ।

ਗੁਰੂ ਸਾਹਿਬ   ਪਤਾ ਸੀ ਕਿ ਸਾਰੇ ਇਨਸਾਨ ਤਿਆਗੀ ਨਹੀਂ ਹੋ ਸਕਦੇ, ਇਸ ਲਈ ਹਠੀਆਂ, ਜਪੀਆਂ, ਤਪੀਆਂ, ਤਿਆਗੀਆਂ ਦਾ ਰਸਤਾ ਸਾਰੇ ਇਨਸਾਨਾਂ ਵਾਸਤੇ ਨਹੀਂ। ਗ੍ਰਿਹਸਤੀਆਂ ਨੇ ਕੰਮ ਕਰਨਾ ਹੈ, ਪਰਿਵਾਰ ਪਾਲਣਾ ਹੈ ਤੇ ਫਿਰ ਆਪਣੇ ਤੇ ਆਪਣੇ ਪਰਿਵਾਰ ਦੇ ਕਲਿਆਣ ਦਾ ਪ੍ਰਬੰਧ ਵੀ ਕਰਨਾ ਹੈ। ਇਸ ਲਈ ਗੁਰਮਤਿ ਦਾ ਮਾਰਗ **ਗ੍ਰਿਹਸਤ ਉਦਾਸ** ਦਾ ਮਾਰਗ ਬਣਾ ਕੇ ਸਤਿਗੁਰਾਂ ਨੇ ਗ੍ਰਿਹਿਸਤੀਆਂ ਲਈ ਪਰਮਾਰਥ ਦਾ ਰਸਤਾ ਬਹੁਤ ਸੌਖਾ ਕਰ ਦਿੱਤਾ ਹੈ

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ
ਤਿਉ ਵਿਚੇ ਗਿਰਹ ਉਦਾਸੁ ॥ (ਪੰਨਾ-949)

ਇਸਦਾ ਮਤਲਬ ਇਹ ਹੈ ਕਿ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਗ੍ਰਿਹਸਤ ਦੀਆਂ ਸਾਰੀਆਂ ਿ ਮੇਵਾਰੀਆਂ ਨਿਭਾਉਂਦਿਆਂ ਹੋਇਆਂ ਵੀ ਸਾਡੇ ਸਾਰੇ **ਕਰਮ** ਸਤਿਗੁਰੂ ਦੇ **ਪ੍ਰਾਇਣ** ਅਥਵਾ ਗੁਰਬਾਣੀ ਦੇ ਆਦੇ ਾਂ-ਉਪਦੇ ਾਂ ਦੀ **ਰੰਗਣ ਵਾਲੇ** ਹੋਣੇ ਚਾਹੀਦੇ ਹਨ। ਦੂਜੇ ਲਫ ਾਂ ਵਿਚ ਮਾਇਆ ਦੇ **ਦੂਜੇ ਭਾਉ** ਰੂਪੀ ਚਿੱਕੜ ਵਿਚ ਰਹਿੰਦਿਆਂ ਹੋਇਆਂ ਵੀ ਅਸੀਂ ਕਮਲ ਦੇ ਫੁੱਲ ਵਾਂਗ ਨਿਰਲੇਪ ਰਹਿਕੇ, ਆਪਣਾ ਜੀਵਨ ਸਤਿਗੁਰੂ ਦੇ ਪ੍ਰਾਇਣ ਬਤੀਤ ਕਰਨਾ ਹੈ।

ਪਰ ਅਸੀਂ ਜਨਮ-ਜਨਮਾਂਤਰਾਂ ਤੋਂ ਮੈਂ-ਮੇਰੀ ਦੀ ਦਲਦਲ ਵਿਚ ਇਤਨੇ ਖੁੱਭੇ ਹੋਏ ਹਾਂ ਕਿ ਇਸ ਵਿਚੋਂ ਨਿਕਲਣ ਦਾ ਸਾ  ਕਦੇ ਖਿਆਲ ਨਹੀਂ ਆਉਂਦਾ। ਇਸ ਗੱਲ ਸਮਝਾਉਣ ਲਈ ਇਥੇ ਇਕ ਉਦਾਹਰਣ ਦਿੱਤੀ ਜਾ ਸਕਦੀ ਹੈ

ਕਈ ਸਾਲ ਹੋਏ ਅਸੀਂ ਕਿਸੇ ਦੇ ਘਰ ਮਿਲਣ ਲਈ ਗਏ। ਉਨ੍ਹਾਂ ਦੇ ਦੋ ਜਵਾਨ ਬੱਚੇ ਮੇਰੇ ਮੰਜੇ ਤੇ ਦੋਹੀਂ ਪਾਸੀਂ ਬੈਠੇ ਨਾ ਤਾ ਕਰ ਰਹੇ ਸੀ, ਤੇ ਉਨ੍ਹਾਂ ਦੇ ਮਾਂ-ਬਾਪ ਸਾਡੇ ਸਾਹਮਣੇ ਵਾਲੇ ਮੰਜੇ ਤੇ ਬੈਠੇ ਸਨ।

ਮੈਂ ਬੱਚਿਆਂ ਦੀ ਮਾਂ   ਪੁੱਛਿਆ ਕਿ ਜਿਸ ਤਰ੍ਹਾਂ ਉਹ ਆਪਣੇ ਬੱਚਿਆਂ ਨਾਲ ਪਿਆਰ ਕਰਦੀ ਹੈ, ਕੀ ਉਸੇ ਤਰ੍ਹਾਂ ਉਹ ਗੁਆਂਢੀਆਂ ਦੇ ਬੱਚਿਆਂ ਨਾਲ ਵੀ ਪਿਆਰ ਕਰ ਸਕਦੀ ਹੈ?

ਉਸ ਨੇ ਝੱਟ ਜਵਾਬ ਦਿੱਤਾ ਕਿ ਬਿਲਕੁਲ ਨਹੀਂ ! ਕਿਉਂਕਿ ਜੋ **ਮਾਂ-ਪਿਆਰ** ਉਸਦੇ ਮਨ ਵਿਚ ਆਪਣੇ ਬੱਚਿਆਂ ਲਈ ਹੈ ਉਹ ਕਦਾਚਿਤ ਪਰਾਇਆਂ ਬੱਚਿਆਂ ਨਾਲ ਨਹੀਂ ਹੋ ਸਕਦਾ।

ਇਸ ਤਰ੍ਹਾਂ ਭਾਵੇਂ ਉਸ ਇਸਤ੍ਰੀ ਦੇ ਮਨ ਵਿਚ ਬੱਚਿਆਂ ਲਈ ਇਹ ਮਾਂ-ਪਿਆਰ ਇਲਾਹੀ ਹੁਕਮ ਅੰਦਰ ਹੀ ਪ੍ਰਵਿਰਤ ਸੀ, ਪਰ ਫਿਰ ਵੀ ਇਹ ਪਿਆਰ ਮੋਹ ਬਣਕੇ ਹੀ ਰਹਿ ਗਿਆ।

ਇਹ **ਮੋਹ ਮਾਇਕੀ ਅਉਗੁਣ ਹੈ,** ਜਿਸ ਉਤੇ **ਹਉਮੈ** , ਮੈਂ-ਮੇਰੀ ਅਥਵਾ **ਦੂਜੇ ਭਾਉ** ਦੀ ਰੰਗਣ ਚੜ੍ਹੀ ਹੋਈ ਹੈ।

ਇਸ ਤਰ੍ਹਾਂ ਸਾਡੀ ਸਾਰੀ ਿਦਗੀ ਹੀ **ਦੂਜੇ-ਭਾਉ** ਵਿਚ ਰੰਗੀ ਹੋਈ ਹੈ।

ਇਸਦੇ ਮੁਕਾਬਲੇ ਤੇ ਗੁਰਬਾਣੀ ਸਾ **ਸਰਬੱਗ ਕਾਇਨਾਤ** ਨਾਲ ਪਿਆਰ ਕਰਨ ਦਾ ਉਪਦੇ ਦਿੰਦੀ ਹੈ, ਜਿਥੇ

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥
ਬ੍ਰਹਮ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥ 2 ॥
ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥ (ਪੰਨਾ-671)

ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ **ਦੂਜੇ ਭਾਉ** ਤੋਂ ਉਪਰ ਉੱਠ ਕੇ **ਸਰਬੱਗ ਕਾਇਨਾਤ** ਵਿਚ ਸਰਬ ਜੋਤਿ ਤੇਰੀ ਪਸਰਿ ਰਹੀ॥ ਜਹ ਜਹ ਦੇਖਾ ਤਹ ਨਰਹਰੀ ॥ ਮਹਿਸੂਸ ਕਰੀਏ ।

ਅਸਲ ਵਿਚ ਇਹ

**ਸਰਬਗ-ਪਿਆਰ** (Universal Love)

ਅਕਾਲ ਪੁਰਖ ਦਾ

***ਸ੍ਰੇਟ***

ਗੁਣ ਹੈ ਅਤੇ ਜਦ ਸਾਡੀ ਰੂਹ ਅਕਾਲ-ਪੁਰਖ ਦੇ ਪ੍ਰਾਇਣ ਹੁੰਦੀ ਹੈ ਅਤੇ ਇਸ ਉਤੇ ਇਲਾਹੀ ਰੰਗਤ ਚੜ੍ਹ ਜਾਂਦੀ ਹੈ ਤਾਂ ਇਹ **ਸਰਬੱਗ ਪਿਆਰ** ਸਾਡੇ ਤਨ-ਮਨ ਵਿਚ ਦੀ ਸਮੁੱਚੀ ਕਾਇਨਾਤ ਲਈ ਆਪ-ਮੁਹਾਰੇ ਪ੍ਰਵਿਰਤ ਹੁੰਦਾ ਹੈ।

ਅਸੀਂ ਕਿਸੇ ਕੰਪਨੀ ਵਿਚ ਕੰਮ ਕਰਦੇ ਹਾਂ ਤਾਂ ਉਸ ਕੰਪਨੀ ਦਾ ਭਲਾ ਲੋੜਦੇ ਹਾਂ ਅਤੇ ਉਸਦੀ ਤੱਰਕੀ ਲਈ ਪੂਰੀ ਦਿਆਨਤਦਾਰੀ ਨਾਲ ਮਿਹਨਤ ਕਰਦੇ ਹਾਂ। ਇਸਦੇ ਬਦਲੇ ਸਾ ਕੰਪਨੀ ਵਲੋਂ ਤਨਖਾਹ ਮਿਲਦੀ ਹੈ।

ਇਸੇ ਤਰ੍ਹਾਂ ਅਸੀਂ ਅਕਾਲ-ਪੁਰਖ ਦੇ **ਵਡ-ਖੇਲ੍ਹ-ਤਮਾੑ** ਰੂਪੀ ਇਲਾਹੀ ਕੰਪਨੀ ਵਿਚ ਸਤਿਗੁਰੂ ਦੇ **ਬੈ-ਖਰੀਦ ਗੋਲੇ ਬਣ ਕੇ** ਦੁਨੀਆਂ ਵਿਚ ਰਹਿੰਦਿਆਂ ਹੋਇਆਂ **ਕਿਰਤ-ਵਿਰਤ ਕਰ ਧਰਮ ਦੀ** ਅਨੁਸਾਰ ਕਰਮ ਕਰਨੇ ਹਨ ਅਤੇ ਫਿਰ ਆਤਮ-ਪ੍ਰਾਇਣ ਹੋ ਕੇ

ਸਤਿਗੁਰੂ ਦੀ ਯਾਦ
ਸਤਿਗੁਰੂ ਦੇ ਭਾਣੇ ਵਿਚ
ਸਤਿਗੁਰੂ ਦੇ_ਕਰਾਨੇ ਵਿਚ

**ਹੁਕਮੀ ਬੰਦੇ** ਬਣ ਕੇ ਉਸ

## ***ਸਿਰਜਣਹਾਰ ਦੇ ਹੁਕਮ ਦੀ ਕਾਰ***

ਕਮਾਉਣੀ ਹੈ।

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ
ਹਿਕਮਤਿ ਹੁਕਮੁ ਚੁਕਾਈਐ ॥ (ਪੰਨਾ-722)

ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥ (ਪੰਨਾ-991)

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥
ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥ (ਪੰਨਾ-144)

ਇਤਿਹਾਸ ਵਿਚ ਰਾਜਾ ਜਨਕ ਤੇ ਹੋਰ ਅਨੇਕਾਂ ਗੁਰਮੁਖ **ਗ੍ਰਿਹਸਤ-ਉਦਾਸੀਆਂ** ਦਾ ਿ ਕਰ ਹੈ, ਜਿਨ੍ਹਾਂ ਮਾਇਆ ਵਿਚ ਰਹਿੰਦਿਆਂ ਵੀ ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ ਵਿਚੇ ਹੋਵੇ ਮੁਕਤਿ ਅਨੁਸਾਰ ਆਪਣਾ ਜੀਵਨ ਸਫਲ ਕੀਤਾ

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ ।
(ਵਾ. ਭਾ. ਗੁ. 10/5)

ਹਉ ਸਦਕੇ ਤਿਨ੍ਹਾ ਗੁਰਸਿਖਾਂ ਸਤਿਗੁਰ ਨੋ ਮਿਲਿ ਆਪੁ ਗਵਾਇਆ ।
ਹਉ ਸਦਕੇ ਤਿਨ੍ਹਾ ਗੁਰਸਿਖਾਂ **ਕਰਨਿ ਉਦਾਸੀ ਅੰਦਰਿ ਮਾਇਆ ।**
(ਵਾ. ਭਾ. ਗੁ. 12/6)

ਗੁਰਮੁਖਿ ਸੁਖ ਫਲੁ ਸਾਧਸੰਗੁ ਮਾਇਆ ਅੰਦਰਿ ਕਰਨਿ ਉਦਾਸੀ ।
ਜਿਉ ਜਲ ਅੰਦਰਿ ਕਵਲੁ ਹੈ ਸੂਰਜ ਧਯਾਨੁ ਅਗਾਸੁ ਨਿਵਾਸੀ ।

(ਵਾ. ਭਾ. ਗੁ. 15/21)

**ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ।**

(ਵਾ. ਭਾ. ਗੁ. 29/15)

ਪਰ ਅਸੀਂ ਬੇਅੰਤ ਜੂਨਾਂ ਤੋਂ **ਮਾਇਆ ਦੇ ਲਾਲੇ-ਗੋਲੇ** ਬਣੇ ਹੋਏ ਹਾਂ।

ਹੈਰਾਨੀ ਦੀ ਗੱਲ ਹੈ ਕਿ ਭਾਵੇਂ ਅਸੀਂ **ਮਾਇਆ** ਅਥਵਾ **ਦੂਜੇ ਭਾਉ** ਦੇ ਗੋਲੇ ਹਾਂ, ਪਰ ਇਹ ਗੱਲ ਮੰਨਣ ਅਸੀਂ ਕਦਾਚਿਤ ਤਿਆਰ ਨਹੀਂ ਹਾਂ।

ਇਕ ਪਾਸੇ ਅਸੀਂ ਇਸ ਮੋਹਣੀ-ਮਾਇਆ ਦੀ ਚਾਕਰੀ ਕਰਦੇ ਹਾਂ ਤੇ ਦੂਸਰੇ ਪਾਸੇ ਆਪਣੇ **ਕੂੜੇ ਮਨ** ਦੀ **ਕੂੜੀ ਹੱਠਤਾਈ** **ਕੂੜੀ ਤਸੱਲੀ** ਦੇਣ ਲਈ ਤੇ ਲੋਕਾਂ ਦੀ ਵਾਹ-ਵਾਹ ਖੱਟਣ ਲਈ ਪਰਮਾਰਥੀ ਹੋਣ ਦਾ ਪਖੰਡ ਵੀ ਕਰ ਲੈਂਦੇ ਹਾਂ।

ਇਸ ਤਰ੍ਹਾਂ ਸਾਡਾ ਮਨ ਤਾਂ **ਦੂਜੇ ਭਾਉ** ਵਿਚ ਗਲਤਾਨ ਹੁੰਦਾ ਹੈ, ਪਰ ਉਪਰੋਂ ਅਸੀਂ ਗੁਰਬਾਣੀ ਮੱਥਾ ਟੇਕ ਕੇ, ਆਪਣੀ ਓਪਰੀ ਜਿਹੀ ਰਧਾ ਾਹਰ ਕਰਕੇ ਰੱਬ ਨਾਲ ਵੀ ਠਾਠਾ-ਬਾਗਾ ਕਰ ਛਡਦੇ ਹਾਂ।

ਅਜਿਹੇ ਦੁਚਿਤਿਆਂ ਦਾ ਹਾਲ ਨਾ ਇਧਰ ਕੇ ਰਹੇ ਨ ਉਧਰ ਕੇ ਅਨੁਸਾਰ ਦੁਬਿਧਾ ਮੈਂ ਦੋਨੋਂ ਗਏ ਮਾਇਆ ਮਿਲੀ ਨਾ ਰਾਮ ਵਾਲਾ ਹੁੰਦਾ ਹੈ।

ਅਸਲ ਵਿਚ ਸਾਡੇ ਅੰਤਿ ਕਰਨ ਅਥਵਾ ਜੀਵਨ ਵਿਚ ਇਸ **ਦੂਜੀ ਦੋਇ** ਦਾ ਇਸ ਕਦਰ ਬੋਲ-ਬਾਲਾ ਤੇ ਵਰਤ-ਵਰਤਾਰਾ ਹੈ, ਕਿ ਇਸਦੇ

ਮਾਇਕੀ ਜਾਦੂ
ਕੂੜੀ ਗੁਲਾਮੀ
ਮੈਂ-ਮੇਰੀ ਦੀ ਪਕੜ

ਵਿਚੋਂ ਨਿਕਲਨਾ ਅਸੰਭਵ ਹੈ। ਕਿਉਂਕਿ ਜਨਮ-ਜਨਮਾਂਤਰਾਂ ਤੋਂ ਇਸ ਦਾ ਅਭਿਆਸ ਕਰ ਕਰ ਕੇ ਅਸੀਂ

***ਦੂਜੇ-ਭਾਉ ਦਾ ਸਰੂਪ*** (embodiment)

ਬਣ ਚੁੱਕੇ ਹਾਂ। ਅਸਲ ਵਿਚ ਸਾਡਾ **ਰੱਬ ਦੂਜੇ-ਭਾਉ ਵਾਲੀ ਮਾਇਆ ਹੈ ਤੇ ਸਾਡਾ ਪਰਮਾਰਥ ਇਸ ਝੂਠੀ ਮਾਇਆ ਦੀ ਪੂਜਾ ਕਰਨਾ**!

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ (ਪੰਨਾ-133)

ਏਹੁ ਸਰੀਰੁ ਸਭ ਮੂਲੁ ਹੈ ਮਾਇਆ ॥
ਦੂਜੈ ਭਾਇ ਭਰਮਿ ਭੁਲਾਇਆ ॥ (ਪੰਨਾ-1065)

ਮੇਰੀ ਮੇਰੀ ਕਰਤੇ ਜਨਮੁ ਗਇਓ ॥ (ਪੰਨਾ-479)

ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥ (ਪੰ.-1153)

ਅਸਲ ਵਿਚ ਅਸੀਂ ਇਸ

ਮਾਇਆ ਦੇ ਭਗਤ ਹਾਂ
ਮਾਇਆ ਦੇ ਗੁਲਾਮ ਹਾਂ
ਮਾਇਆ ਦੇ ਬੈ-ਖਰੀਦ ਗੋਲੇ ਹਾਂ
ਮਾਇਆ ਦੇ ਸੇਵਕ ਹਾਂ
ਮਾਇਆ ਦਾ ਖਿਆਲ ਕਰਦੇ ਹਾਂ
ਮਾਇਆ ਦੀ ਚਿਤਵਨੀ ਕਰਦੇ ਹਾਂ
ਮਾਇਆ ਦਾ ਹੁਕਮ ਮੰਨਦੇ ਹਾਂ
ਮਾਇਆ ਵਿਚ ਜੀਂਦੇ ਹਾਂ
ਮਾਇਆ ਵਿਚ ਥੀਂਦੇ ਹਾਂ
ਮਾਇਆ ਵਿਚ ਜੰਮਦੇ ਹਾਂ
ਮਾਇਆ ਵਿਚ ਮਰਦੇ ਹਾਂ।

ਇਸ ਤਰ੍ਹਾਂ ਅਸੀਂ **ਮਾਇਆ-ਪ੍ਰਾਇਣ ਹਾਂ ਅਤੇ ਮਾਇਆ ਹੀ ਸਾਡਾ ਜੀਵਨ ਰੂਪ ਹੈ।**

ਇਤਨਾ ਕੁਝ ਹੁੰਦਿਆਂ ਵੀ ਸਾ

ਮਾਇਆ ਦੀ ਖਿੱਚ
ਮਾਇਆ ਦੀ ਗੁਲਾਮੀ
ਮਾਇਆ ਦੇ ਜਾਦੂ
ਮਾਇਆ ਦੇ ਦੁਖ ਕਲੇ
ਮਾਇਆ ਦੀ ਗਿਲਾਨੀ

ਦਾ ਅਹਿਸਾਸ ਨਹੀਂ, ਕਿਉਂਕਿ ਕਈ **ਜਨਮਾਂ** ਤੋਂ ਅਸੀਂ ਇਸ ਵਿਚ ਗਲਤਾਨ ਹੋ ਕੇ ਜੀਵਨ ਬਤੀਤ ਕਰਦੇ ਆ ਰਹੇ ਹਾਂ

ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥ (ਪੰ.-857)

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ (ਪੰਨਾ-50)

ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥
ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ (ਪੰਨਾ-790)

ਇਸ ਤਰ੍ਹਾਂ ਦੂਜੇ-ਭਾਉ ਵਾਲੀ **ਮਾਇਕੀ ਰੰਗਣ** ਸਾਡੇ ਜੀਵਨ ਦੇ ਹਰ ਪੱਖ ਵਿਚ ਅਣਜਾਣੇ **ਸਹਿਜ-ਸੁਭਾਇ ਹੀ ਪ੍ਰਵਿਰਤ** ਹੁੰਦੀ ਰਹਿੰਦੀ ਹੈ।

ਮਿਸਾਲ ਦੇ ਤੌਰ ਤੇ

ਮੇਰਾ ਸਰੀਰ
ਮੇਰਾ ਪਰਿਵਾਰ
ਮੇਰੀ ਸੰਪਤੀ
ਮੇਰੀ ਸਿਆਣਪ
ਮੇਰੀ ਕਾਮਨਾ

ਆਦਿ ।

ਇਸ ਤਰ੍ਹਾਂ ਸਾਡੇ ਖਿਆਲਾਂ, ਬੋਲਚਾਲ, ਹਰਕਤਾਂ ਤੇ ਭਾਵਨਾਵਾਂ ਵਿਚ **ਮੈਂ-ਮੇਰੀ** ਅਥਵਾ **ਦੂਜੇ-ਭਾਉ** ਦਾ ਅਹਿਸਾਸ ਤਾਣੇ-ਪੇਟੇ ਵਾਂਗ ਓਤ-ਪੋਤ ਰਵਿ ਰਹਿਆ ਹੈ।

ਜਦ ਜੀਵ ਮਾਇਆ ਦੀ **ਪਾਹ** ਚੜ੍ਹ ਜਾਂਦੀ ਹੈ ਤਾਂ ਉਸ ਵਿਚ ਮਾਇਕੀ ਮੰਡਲ ਦੇ ਸਾਰੇ **ਅਉਗਣ ਪ੍ਰਵੇ ਹੋ ਜਾਂਦੇ** ਹਨ। ਜਿਉਂ-ਜਿਉਂ ਮਾਇਆ ਦੀ ਇਹ ਰੰਗਤ ਗਾੜ੍ਹੀ ਹੁੰਦੀ ਜਾਂਦੀ ਹੈ, ਤਿਉਂ ਤਿਉਂ ਜੀਵ ਆਪਣੇ ਅਸਲੇ ਅਥਵਾ ਆਤਮ-ਮੰਡਲ ਭੁਲਦਾ ਤੇ ਉਸਤੋਂ ਬੇਮੁਖ ਹੁੰਦਾ ਜਾਂਦਾ ਹੈ। ਇਸ ਤਰ੍ਹਾਂ ਜੀਵ ਮਾਇਆ ਵਿਚ ਖਚਤ ਹੁੰਦਾ ਜਾਂਦਾ ਹੈ।

ਇਸ ਮਾਇਕੀ ਜਾਦੂ ਨੇ ਮਰਦਾਨੇ **ਭੇਡੂ** ਬਣਾ ਦਿੱਤਾ ਸੀ, ਇਸ ਤੋਂ ਛੁਡਾਵੇ ਕੌਣ?

ਜਿਵੇਂ ਹਨੇਰਾ ਆਪਣੇ ਅੰਧਕਾਰ ਖੁਦ ਦੂਰ ਨਹੀਂ ਕਰ ਸਕਦਾ, ਇਸੇ ਤਰ੍ਹਾਂ ਅਸੀਂ ਦੂਜੇ ਭਾਉ ਦੇ ਅੰਧ-ਗੁਬਾਰ ਤੋਂ ਆਪਣੇ ਆਪ ਛੁਟਕਾਰਾ ਨਹੀਂ ਪਾ ਸਕਦੇ। ਇਸ ਕੇਵਲ ਗੁਰੂ ਦੀ ਕ੍ਰਿਪਾ ਦੁਆਰਾ **ਅਨੁਭਵੀ ਪ੍ਰਕਾ** ਦੀ ਰੌ ਨੀ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ।

ਜਿਵੇਂ ਚਾਨਣ ਦੀ ਅਣਹੋਂਦ ਤੋਂ ਹਨੇਰਾ ਉਤਪੰਨ ਹੁੰਦਾ ਹੈ, ਇਸੇ ਤਰ੍ਹਾਂ **ਦੂਜੇ ਭਾਉ** ਦਾ ਭਰਮ-ਭੁਲਾਵਾ ਵੀ ਆਤਮਿਕ **ਪ੍ਰਕਾ ਦੀ ਅਣਹੋਂਦ** ਅਥਵਾ ਪਰਮਾਤਮਾ ਦੀ ਭੁੱਲ ਤੋਂ ਉਪਜਿਆ ਹੈ ਇਹ ਦੋਵੇਂ ਇਕ ਥਾਂ ਇਕੱਠੇ ਨਹੀਂ ਰਹਿ ਸਕਦੇ

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ (ਪੰਨਾ-657)

ਇਸਤੋਂ ਸਪ ਟ ਹੈ ਕਿ **ਦੂਜੇ ਭਾਉ** ਦੀ ਭਾਵਨਾ **ਪਰਮੇ ਰ ਦੀ ਭੁੱਲ** ਵਿਚੋਂ ਉਪਜਦੀ ਹੈ।

ਪਰਮੇ ਰ ਦੀ ਯਾਦ ਜਾਂ ਸਿਮਰਨ ਦੁਆਰਾ **ਦੂਜੇ ਭਾਉ** ਦਾ ਅਭਾਵ ਹੋ ਸਕਦਾ ਹੈ।

ਦੂਜੇ ਲਫ ਾਂ ਵਿਚ

***ਮੈਂ-ਮੇਰੀ***

ਦੀ ਭਾਵਨਾ

***ਤੂੰ ਤੇਰੀ***

ਵਿਚ ਬਦਲਣ ਦੀ ਲੋੜ ਹੈ।

ਜਦ ਬੁੱਲ੍ਹੇ ਾਹ ਨੇ ਆਪਣੇ ਗੁਰੂ ਾਹ ਅਨਾਇਤ ਰੱਬ ਮਿਲਣ ਦਾ ਰਸਤਾ ਪੁਛਿਆ ਤਾਂ ਉਹ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਉਨ੍ਹਾਂ ਇਕ ਬੂਟਾ ਪਨੀਰੀ ਦਾ ਪੁੱਟ ਕੇ ਦੂਸਰੇ ਥਾਂ ਲਾਉਂਦਿਆਂ ਬੁਲ੍ਹੇ ਾਹ ਜਵਾਬ ਦਿੱਤਾ

ਬੁਲ੍ਹਿਆ ਰੱਬ ਦਾ ਕੀ ਪਾਉਣਾ।
ਐਧਰੋਂ ਪੁੱਟਣਾ ਔਧਰ ਲਾਉਣਾ।

ਇਸ ਤਰ੍ਹਾਂ ਅਸੀਂ ਮਨ ਮਾਰ ਨਹੀਂ ਸਕਦੇ ਸਗੋਂ, ਇਸ ਹਉਂਧਾਰੀ ਮਨ

***ਆਤਮਿਕ ਪਿਉਂਦ***

ਚ੍ਹਾੜ ਸਕਦੇ ਹਾਂ। ਇਹ ਆਤਮਿਕ ਪਿਉਂਦ ਬਖ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਵਿਚ ਸੇਵਾ, ਸਿਮਰਨ ਤੇ ਗੁਰਪ੍ਰਸਾਦਿ ਦੁਆਰਾ ਚੜ੍ਹ ਸਕਦੀ ਹੈ।

ਗੁਰਬਾਣੀ ਅਨੁਸਾਰ ਸਾਧ ਸੰਗਤ ਦੀ ਪਿਉਂਦ ਦੁਆਰਾ ਸਾਡੇ ਮਨ ਦਾ ਰੁਖ ਉਲਟ ਕੇ **ਆਤਮ ਪ੍ਰਾਇਣ** ਹੁੰਦਾ ਜਾਵੇਗਾ ਅਤੇ ਸਹਿਜੇ-ਸਹਿਜੇ ਅਸੀਂ ਮਨਮੁਖ ਤੋਂ ਗੁਰਮੁਖ ਹੁੰਦੇ ਜਾਵਾਂਗੇ ।

ਸਭ ਤੋਂ ਉਚੀ-ਸੁੱਚੀ ਤੇ ਕਾਰਗਰ ਪਿਉਂਦ **ਇਲਾਹੀ-ਪਿਆਰ** ਹੈ।

ਮਨ ਰੇ **ਕਿਉ ਛੂਟਹਿ ਬਿਨੁ ਪਿਆਰ ॥** (ਪੰਨਾ-60)

ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥
ਜਬ ਲਗੁ ਜੁਗਤਿ ਨ ਜਾਨੀਐ **ਭਾਉ ਭਗਤਿ ਭਗਵਾਨ ॥** (ਪੰਨਾ-337)

ਸਾਚੁ ਕਹੋਂ ਸੁਨ ਲੇਹੁ ਸਭੈ
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥** (ਸੱਵਯੇ ਪਾ. 10)

ਜਦੋ ਸਾਧ-ਸੰਗਤ ਅਤੇ ਸਿਮਰਨ ਨਾਲ ਸਾਡਾ ਮਨ ਨਿਰਮਲ ਹੁੰਦਾ ਜਾਂਦਾ ਹੈ ਤਾਂ ਸਾਡੀ ਆਤਮਾ ਦਾ ਅਕਸ ਸਾਡੇ ਮਨ ਉਤੇ ਪੈਂਦਾ ਹੈ। ਇਸ ਤਰ੍ਹਾਂ ਸਾਡੇ ਅੰਦਰ

***ਮੈਂ-ਮੇਰੀ***

ਦੇ ਪਿਆਰ ਦੀ ਥਾਂ

***ਤੂੰ-ਤੇਰੀ***

ਦਾ ਪਿਆਰ ਵਧਦਾ ਜਾਂਦਾ ਹੈ। ਇਸ ਉਪਜੀ ਪ੍ਰੀਤ ਪ੍ਰੇਮ-ਰਸ ਚਾਉ ਵਾਲੀ ਰੰਗਤ ਨਾਲ **ਦੂਜੇ ਭਾਉ** ਦਾ ਭਰਮ ਦੂਰ ਹੋ ਜਾਂਦਾ ਹੈ ਅਤੇ ਜੀਵ ਮਹਿਸੂਸ ਹੋਣ ਲਗ ਪੈਂਦਾ ਹੈ

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥ (ਪੰਨਾ-1367)

ਮੇਰਾ ਕੀਆ ਕਛੂ ਨ ਹੋਇ ॥
ਕਰਿ ਹੈ ਰਾਮੁ ਹੋਇ ਹੈ ਸੋਇ ॥ (ਪੰਨਾ-1165)

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥ (ਪੰਨਾ-206)

ਇਹ ਉਲਟੀ ਖੇਲ ਪ੍ਰਿਮ ਕੀ ਔਖੀ ਤੇ ਗਾਖੜੀ ਰੂਰ ਹੈ, ਪਰ ਸਾਧ ਸੰਗਤ ਤੇ ਗੁਰੂ ਦੀ ਕ੍ਰਿਪਾ ਦੁਆਰਾ ਸੌਖੀ ਹੋ ਜਾਂਦੀ ਹੈ

ਸਾਧ ਕੈ ਸੰਗਿ ਨਹੀ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥ (ਪੰਨਾ-272)

ਮਿਲਿ ਸਤਸੰਗਤਿ ਹਰਿ ਗੁਣ ਗਾਏ
ਜਗੁ ਭਉਜਲੁ ਦੁਤਰੁ ਤਰੀਐ ਜੀਉ ॥ (ਪੰਨਾ-95)

ਇਸ ਇਲਾਹੀ

ਪ੍ਰਿਮ ਖੇਲੁ

ਆਤਮਿਕ ਪਿਉਂਦ

ਮਤਿ ਬੁਧ ਬਦਲੀ

ਨਾਲ ਜੀਵ ਦੀ ਿੰਦਗੀ ਵਿਚ ਕੀ ਪਰਿਵਰਤਨ ਆਉਂਦਾ ਹੈ, ਇਸਦਾ ਨਿਰਨਾ ਇਉਂ ਕੀਤਾ ਜਾ ਸਕਦਾ ਹੈ

| **ਦੂਜਾ ਭਾਓ** | **ਅਨੁਭਵੀ ਪ੍ਰਕਾ** |
| --- | --- |
| ਮਾਇਕੀ ਮੰਡਲ | ਆਤਮਿਕ ਮੰਡਲ |
| ਮੈਂ-ਮੇਰੀ | ਤੂੰ-ਤੇਰੀ |
| ਮਾਇਆ-ਪ੍ਰਾਇਣ | ਆਤਮ-ਪ੍ਰਾਇਣ |
| ਮਨਮੁਖ-ਜੀਵਨ | ਗੁਰਮੁਖ-ਜੀਵਨ |
| ਭਰਮ-ਭੁਲਾਵਾ | ਤੱਤ-ਗਿਆਨ |
| ਆਪਣਾ ਭਾਣਾ | ਹੁਕਮ ਰਜਾਈ ਚੱਲਣਾ |
| ਮਾਇਕੀ ਅਗਨੀ | ਨਾਮ ਦੀ ਠੰਢ |
| ਮਾਇਆ ਦੀ ਖਿੱਚ | ਪ੍ਰੀਤ ਡੋਰੀ ਦੀ ਖਿੱਚ |
| ਵੈਰ-ਵਿਰੋਧ | ਮੈਤ੍ਰੀ-ਭਾਵ |
| ਨਾਸਤਿਕ | ਆਸਤਿਕ |
| ਨਫਰਤ | ਪਿਆਰ |
| ਅ ਂਤੀ | ਂਤੀ |
| ਆਵਾਗਵਨ | ਬਹੁਰ ਨ ਮਰਨਾ |
| ਆਸਾ-ਮਨਸਾ | ਨਿਰ-ਇੱਛਤ |
| f ਕਾਇਤ | _ ਕਰ |
| ਰੋਸ | ਸਭ ਭਲਾ |
| ਪਾਪ | ਪੁੰਨ |
| ਬਦ | ਨੇਕ |
| ਸਵਾਰਥ | ਪਰਉਪਕਾਰ |
| ਬਦਲਾ | ਖਿਮਾ |
| ਹੰਕਾਰ | ਨਿਮਰਤਾ |
| ਲੈ ਕੇ ਭਲਾ ਮਨਾਈ | ਦੇ ਕੇ ਭਲਾ ਮਨਾਈ |
| ਕਰਮ-ਬਧ | ਕਰਮਾਂ ਤੋਂ ਰਹਿਤ |
| ਢਹਿੰਦੀਆਂ ਕਲਾਂ | ਚੜ੍ਹਦੀਆਂ ਕਲਾਂ |
| ਕੂੜ | ਸਤ |
| ਦੂਜਾ-ਭਾਉ | ਇਕੋ-ਇਕ ਸਭ ਗੋਬਿੰਦ ਹੈ |

ਇਸ ਬਿਓਰੇ ਤੋਂ ਸਾ  ਆਪਣੇ ਜੀਵਨ ਦਾ ਨਿਰਣਾ ਕਰਨ ਵਿਚ ਸਹਾਇਤਾ ਮਿਲ ਸਕਦੀ ਹੈ ਕਿ ਅਸੀਂ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰ ਰਹੇ ਹਾਂ। ਇਸ ਤੋਂ ਸੇਧ ਲੈ ਕੇ ਅਸੀਂ ਅਪਣੇ ਜੀਵਨ ਵਿਚ ਸੁਧਾਰ ਲਿਆ ਸਕਦੇ ਹਾਂ। ਇਹ ਤਾਂ ਹੀ ਮੁਮਕਿਨ ਹੈ ਜੇ ਅਸੀਂ ਆਪਣੇ ਮਨ ਦੀ ਮਤਿ ਤਿਆਗ ਕੇ ਗੁਰੂ ਦੀ ਮਤਿ ਜਾਂ ਹੁਕਮ ਵਿਚ ਚੱਲੀਏ ।

ਗੁਰ ਮਿਲਿ ਤਿਆਗਿਓ ਦੂਜਾ ਭਾਉ ॥
ਗੁਰਮੁਖਿ ਜਪਿਓ ਹਰਿ ਕਾ ਨਾਉ ॥ (ਪੰਨਾ-1147)

ਪਰ ਸਾਡੀ ਹਾਲਤ

ਪੰਚਾ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ  ਵਾਲੀ ਹੈ।

ਸਿਫਰਾਂ (zero) ਜਿੰਨੀਆਂ ਮਰ ੀ ਇਕੱਠੀਆਂ ਕਰ ਲਉ ਉਨ੍ਹਾਂ ਦੀ ਕੋਈ ਕੀਮਤ ਨਹੀਂ।ਅਗਰ ਉਨ੍ਹਾਂ ਨਾਲ  ਏਕਾ  ਲਗ ਜਾਵੇ ਤਾਂ ਸਾਰੀਆਂ ਸਿਫਰਾਂ ਦੀ ਕੀਮਤ ਪੈ ਜਾਂਦੀ ਹੈ।

ਇਸ ਲਈ ਅਸੀਂ  ਿਦਗੀ ਗੁ ਾਰਨੀ ਹੈ     ਇਕ  ਨਾਲ ਲੱਗ ਕੇ। ਹੁਣ ਅਸੀਂ ਸਭ ਕੁਝ ਇਕ ਤੋਂ ਬਿਨਾਂ **ਦੂਜੇ-ਭਾਉ** ਵਿਚ ਕਰ ਰਹੇ ਹਾਂ।

ਗੁਰਬਾਣੀ ਇਸਦੀ ਇਉਂ ਪ੍ਰ ਟੀ ਕਰਦੀ ਹੈ

ਨਾਨਕ ਸਚਾ ਏਕੁ ਹੈ **ਦੂਹੁ ਵਿਚਿ ਹੈ ਸੰਸਾਰੁ ॥** (ਪੰਨਾ-950)

ਜਦ ਬੂਟੇ   ਪਿਉਂਦ ਚਾੜ੍ਹੀ ਜਾਂਦੀ ਹੈ ਤਾਂ ਬੂਟੇ ਵਿਚ  ਜੀਵਨ-ਰੌ  ਤਾਂ ਉਹੀ ਹੁੰਦੀ ਹੈ, ਪਰ ਉਸ  ਕੋਈ ਹੋਰ **ਰੰਗ** ਜਾਂ **ਤੱਤ** ਚੜ੍ਹ ਜਾਂਦਾ ਹੈ।

ਇਸੇ ਤਰ੍ਹਾਂ ਨਲਕੇ ਵਿਚ ਪਾਣੀ ਤਾਂ ਓਹੀ ਹੁੰਦਾ ਹੈ, ਪਰ ਤੱਤੀ-ਠੰਢੀ ਟੈਂਕੀ ਵਿਚੋਂ ਲੰਘਦਾ ਪਾਣੀ ਤੱਤਾ-ਠੰਢਾ ਹੋ ਜਾਂਦਾ ਹੈ।

ਠੀਕ ਇਸੇ ਤਰ੍ਹਾਂ ਸਾਡੇ ਮਨ   ਚੰਗੀ-ਮਾੜੀ ਪਿਉਂਦ ਚੜ੍ਹਨ ਨਾਲ ਸਾਡਾ ਮਨ, ਬੁੱਧੀ, ਅੰਤਿ ਕਰਨ ਆਦਿ    ਸਭ ਕੁਝ ਬਦਲ ਜਾਂਦਾ ਹੈ।

ਜਦ ਸਾਡੇ ਮਨ   ਇਲਾਹੀ ਰੰਗਣ ਦੀ ਪਿਉਂਦ ਚੜ੍ਹ ਜਾਂਦੀ ਹੈ ਤਾਂ ਜੀਵ ਇਲਾਹੀ ਹੁਕਮ ਦੀ ਰਵਾਨਗੀ ਵਿਚ ਸੁਰ ਹੋ ਕੇ

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ......॥ (ਪੰਨਾ-919)

ਅਨੁਸਾਰ ਜੀਵਨ ਬਤੀਤ ਕਰਦਾ ਹੈ।

ਜਿਵੇਂ ਸੂਰਜ ਦੇ ਪ੍ਰਕਾ ਵਿਚ ਮੋਮਬੱਤੀ ਦੀ ਹਸਤੀ ਮਾਤ ਪੈ ਜਾਂਦੀ ਹੈ, ਇਸੇ ਤਰ੍ਹਾਂ ਨਾਮ ਦੇ ਪ੍ਰਕਾ ਸਾਹਮਣੇ **ਦੂਜੇ-ਭਾਉ** ਦਾ ਅੰਧ-ਗੁਬਾਰ ਉਡ-ਪੁਡ ਜਾਂਦਾ ਹੈ। ਜੀਵ ਅਨੁਭਵ ਹੁੰਦਾ ਹੈ ਕਿ ਜਿਸ **ਮੈਂ-ਮੇਰੀ** ਜਾਂ **ਦੂਜੇ ਭਾਉ** ਉਸਨੇ

***ਜਨਮਾਂ-ਜਨਮਾਂ ਤੋਂ ਪਾਲਿਆ ਹੋਇਆ ਸੀ***

ਉਹ ਤਾਂ ਬਿਲਕੁਲ ਝੂਠ ਤੇ ਕੂੜ ਸੀ।

ਐਸਾ ਸਰਬਗ ਪਿਆਰ ਪੜ੍ਹਿਆ-ਪੜਾਇਆ, ਸਿਖਿਆ-ਸਿਖਾਇਆ, ਸਮਝਿਆ ਸਮਝਾਇਆ ਨਹੀਂ ਜਾ ਸਕਦਾ। ਇਸਦਾ ਸੋਮਾ ਅਕਾਲ-ਪੁਰਖ ਹੈ ਤੇ ਜਦ ਅਸੀਂ ਅਕਾਲ-ਪੁਰਖ ਨਾਲ ਜੁੜਦੇ ਹਾਂ ਤਾਂ ਇਹ ਪਿਆਰ ਸਾ ਸਹਿਜੇ ਹੀ ਵਿਰਸੇ ਵਿਚ ਮਿਲ ਜਾਂਦਾ ਹੈ, ਕਿਉਂਕਿ ਅਸੀਂ ਉਸਦੀ ਅੰ ਹਾਂ।

ਸੋ ਇਸ ਕੂੜੇ **ਦੂਜੇ-ਭਾਉ** ਤੋਂ ਛੁਟਕਾਰਾ ਪਾਉਣ ਲਈ ਅਸੀਂ ਆਪਣੇ ਮਨ ਦੀਆਂ

ਸਿਆਣਪਾਂ
ਉਕਤੀਆਂ-ਜੁਗਤੀਆਂ
ਏਹੜ-ਤੇਹੜ
ਹਉਂਮੈ
ਮੈਂ-ਮੇਰੀ

ਮੋੜ-ਮੋੜ ਕੇ **ਸਤਿਗੁਰੂ ਦੇ ਹੁਕਮ ਦੇ ਪ੍ਰਾਇਣ** ਕਰਨਾ ਹੈ

ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥ (ਪੰਨਾ-281)

(ਚਲਦਾ.........)